# ਐਸ.ਸੀ./ਓ.ਬੀ.ਸੀ./ਈ.ਬੀ.ਸੀ. ਵਿਦਿਆਰਥੀਆਂ ਲਈ ਨਿਰਧਾਰਿਤ ਸ਼ਰਤਾਂ

ਇਸ ਕਾਲਜ ਵਿਚ ਪੜ੍ਹਨ ਵਾਲੇ ਉਹਨਾਂ ਐਸ.ਸੀ, ਓ.ਬੀ.ਸੀ. ਅਤੇ ਈ.ਬੀ.ਸੀ. ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਜਿਨਾਂ ਨੇ ਪੰਜਾਬ ਸਰਕਾਰ ਵੱਲੋ ਦਿੱਤੀ ਗਈ ਸਕਾਰਲਸ਼ਿਪ ਅਧੀਨ ਅਪਲਾਈ ਕਰਨਾ ਹੈ ਉਹਨਾਂ ਲਈ ਹੇਠ ਲਿਖੇ ਦਸਦਾਵੇਜ਼/ਸਰਟੀਫਿਕੇਟਾਂ ਦੀ ਫੋਟੋਕਾਪੀਆਂ ਦਾਖਲੇ ਸਮੇ ਜਰੂਰੀ ਹਨ ਅਤੇ ਦਾਖਲੇ ਦੇ ਸਮੇ ਸਾਰੇ ਦਸਤਾਵੇਜ਼ ਪੂਰੇ ਕਰਕੇ ਦੋ ਪਰਤਾਂ ਵਿਚ ਲਿਆਉਣ ਤੇ ਵਜੀਫਾ ਕਮੇਟੀ ਨੂੰ ਪੇਸ਼ ਕਰਨ।

<u>ਐਸ.ਸੀ.ਵਿਦਿਆਰਥੀ</u> ਜਿਨਾਂ ਦੇ ਘਰ ਦੀ ਸਾਲਾਨਾ ਆਮਦਨ ਦੋ ਲੱਖ ਪੰਜਾਹ ਹਜ਼ਾਰ ਰੁਪਏ ਤੋ ਘੱਟ ਹੈ। ਉਹ ਵਿਦਿਆਰਥੀ ਹੀ ਇਹ ਫਾਰਮ ਭਰ ਸਕਦਾ ਹੈ।

<u>ਬੀ.ਸੀ.ਵਿਦਿਆਰਥੀ</u> ਜਿਨਾਂ ਦੇ ਘਰ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋ ਘੱਟ ਹੈ।ਉਹ ਵਿਦਿਆਰਥੀ ਹੀ ਇਹ ਫਾਰਮ ਭਰ ਸਕਦਾ ਹੈ।

ਜਰਨਲ ਕੈਟੇਗਰੀ ਦੇ ਵਿਦਿਆਰਥੀ (ਈ.ਬੀ.ਸੀ.) ਜਿਨ੍ਹਾਂ ਦੇ ਘਰ ਦੀ ਸਲਾਨਾ ਆਮਦਨ ਇੱਕ ਲੱਖ ਰੁਪਏ ਤੋ ਘੱਟ ਹੈ ਉਹ ਸਰਕਾਰ ਦੇ ਈ.ਬੀ.ਸੀ.ਸਕਾਲਰਸ਼ਿਪ ਪੋਰਟਲ ਤੇ ਅਪਲਾਈ ਕਰ ਸਕਦੇ ਹਨ।

1. ਆਮਦਨ ਦਾ ਸਾਰਟੀਫਿਕੇਟ ਸਮਰੱਥ ਅਧਿਕਾਰੀ ਵੱਲੋ ਜਾਰੀ ਕੀਤਾ ਹੋਵੇ ਜੇਕਰ ਘਰ ਵਿਚ ਪਿਤਾ ਦੀ ਮੋਤ ਹੋ ਗਈ ਹੋਵੇ ਤਾਂ ਪਿਤਾ ਦਾ ਡੇਥ ਸਾਰਟੀਫਿਕੇਟ ਅਤੇ ਮਾਤਾ ਵੱਲੋ ਆਮਦਨ ਸਾਰਟੀਫਿਕੇਟ ਜਰੂਰੀ ਹੋਵੇਗਾ।ਆਮਦਨ ਸਾਰਟੀਫਿਕੇਟ ਸਾਲ 2020-21 ਦਾ ਅਸਲ ਜਮਾਂ ਕਰਵਾਉਣਾ ਜਰੂਰੀ ਹੈ ਅਤੇ ਇਸ ਵਿਚ ਕੋਈ ਵੀ ਕਟਿੰਗ ਨਹੀ ਹੋਣੀ ਚਾਹੀਦੀ।ਉਥ ਕਮਿਸ਼ਨਰ ਜਾਂ ਨੋਟਰੀ ਤੋ ਵੈਰੀਫਾਈ ਐਫਿਡੇਵਿਟ ਨਹੀ ਚੱਲੇਗਾ।ਜੇ ਅਸਲ ਸਾਰਟੀਫਿਕੇਟ ਨਹੀ ਤਿਆਰ ਹੋਇਆ ਤਾਂ ਅਪਲਾਈ ਕਰਨ ਦੀ ਅਸਲ ਸਲਿਪ ਪ੍ਰੇਸ ਕਰਨੀ ਜਰੂਰੀ ਹੈ।
2 .ਅਨਸੂਚਿਤ ਜਾਤੀ ਜਾਂ ਪਛੜੀਆਂ ਸ਼੍ਰੇਣੀਆਂ ਸਬੰਧੀ ਸਰਟੀਫਿਕੇਟ ਸਮਰੱਥ ਅਧਿਕਾਰੀ ਅਤੇ ਕੇਵਲ ਪੰਜਾਬ ਸਰਕਾਰ ਵੱਲੋ ਜਾਰੀ ਹੋਵੇ।
3. ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫਿਕੇਟ (ਰੈਜ਼ੀਡੇਸ ਸਰਟੀਫਿਕੇਟ)
4. ਵਿਦਿਆਰਥੀ ਦੇ ਬੈਕ ਪਾਸ ਬੁੱਕ ਦੀ ਫੋਟੋਕਾਪੀ ਜਿਸ ਵਿਚ ਖਾਤਾ ਨੰ ਅਤੇ ਬੈਕ ਦਾ ਆਈ ਐਫ.ਐਸ.ਸੀ ਕੋਡ ਹੋਵੇ ਵੀ ਨਾਲ ਨੱਥੀ ਹੋਵੇ ਖਾਤਾ ਕਿਸੇ ਨਾਲ Joint ਨਾ ਹੋਵੇ।
5. ਵਿਦਿਆਰਥੀ ਦੇ ਆਧਾਰ ਕਾਰਡ ਅਤੇ ਉਸ ਦੇ ਮਾਤਾ ਪਿਤਾ ਦੇ ਆਧਾਰ ਕਾਰਡ ਦੀਫੋਟੋਕਾਪੀ।
6. ਵਿਦਿਆਰਥੀ ਦੀ ਦਸਵੀ ਦੀ ਡੀ.ਐਮ.ਸੀ ਦੀ ਫੋਟੋਕਾਪੀ।
7. ਵਿਦਿਆਰਥੀ ਦੀ 10+2 ਦੀ ਡੀ.ਐਮ.ਸੀ.ਦੀ ਫੋਟੋਕਾਪੀ।

ਫੀਸ ਕੇਵਲ ਉਸ ਐਸ.ਸੀ. ਵਿਦਿਆਰਥੀ ਦੀ ਮਾਫ ਹੋਵੇਗੀ ਜੋ ਬਾਅਦ ਵਿਚ ਪੰਜਾਬ ਸਰਕਾਰ ਵੱਲੋ ਖੋਲੇ ਗਏ ਪੋਰਟਲ ਤੇ ਆਨ ਲਾਈਨ ਅਪਲਾਈ ਕਰੇਗਾ ਅਤੇ ਉਸ ਤੋ ਬਾਅਦ ਨਿਕਲਣ ਵਾਲੀ ਨਿਰਧਾਰਤ ਅੰਡਰਟੇਕਿੰਗ ਤੇ ਵਿਦਿਆਰਥੀ ਵੱਲੋ ਹਸਤਾਖਰ ਕਰਕੇ ਸਾਰਾ ਕੇਸ ਦੋ ਪਰਤਾ ਵਿਚ ਕਾਲਜ ਵਿਖੇ ਜਮਾਂ ਕਰਵਾਏਗਾ।ਜੋ ਵਿਦਿਆਰਥੀ ਇਹ ਆਨ ਲਾਈਨ ਅਪਲਾਈ ਨਹੀ ਕਰੇਗਾ ਉਸ ਤੋ ਪੂਰੀ ਫੀਸ ਜਮਾਂ ਕਰਵਾਈ ਜਾਵੇਗੀ।